# ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ

## ਸਾਲਾਨਾ ਰਿਪੋਰਟ

## ਸੈਸ਼ਨ 2021-22



ਪ੍ਰਿੰਸੀਪਲ ਡਾ. ਤੀਰਥ ਰਾਮ ਬਸਰਾ

ਵੱਲੋਂ

ਮਿਤੀ 28-05-2022 ਦਿਨ ਸ਼ਨੀਵਾਰ ਨੂੰ

ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਪੇਸ਼ ਕੀਤੀ ਗਈ।

ਅੱਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਮੰਚ ਤੇ ਬਿਰਾਜਮਾਨ ਕਾਲਜ ਕੌਂਸਲ ਦੇ ਮੈਂਬਰ ਸਾਹਿਬਾਨ, ਪ੍ਰੋ. ਸਾਹਿਬਾਨ ਤੇ ਪਿਆਰੇ ਵਿਦਿਆਰਥੀਓ

ਸਭ ਤੋਂ ਪਹਿਲਾ ਮੈਂ ਆਪ ਸਭ ਨੂੰ ਕਾਲਜ ਦੇ ਸਲਾਨਾ ਇਨਾਮ ਵੰਡ ਸਮਾਰੋਹ ਮੌਕੇ ਹਾਰਦਿਕ ਜੀ ਆਇਆਂ ਆਖਦਾ ਹਾਂ। ਇਸ ਵਿਰਾਸਤੀ ਸੰਸਥਾ ਦੀ ਪੁਰਾਤਨ ਵਿਰਾਸਤੀ ਮਹੱਤਵ ਵਾਲੀਆਂ ਸੰਸਥਾਵਾਂ ਵਿੱਚ ਸ਼ਮੂਲੀਅਤ ਸਾਡੇ ਸਭ ਲਈ ਬੜੇ ਫਖਰ ਵਾਲੀ ਗੱਲ ਹੈ। ਹਰ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਨਿਪਟਣ ਲਈ  ਸਮੇਂ ਦਾ ਹਾਣੀ ਹੋਣਾ ਇਸ ਸੰਸਥਾ ਦੀ ਮਹਾਨ ਖੂਬੀ ਹੈ। ਇਸ ਅਮੀਰ ਵਿਰਾਸਤ  ਨੂੰ ਪਰੰਪਰਾ ਦਾ ਹਿੱਸਾ ਬਣਾਉਣ ਲਈ ਸਮੇਂ ਸਮੇਂ ਤੇ ਪ੍ਰੋਫੈਸਰ ਸਾਹਿਬਾਨ, ਪ੍ਰਿੰਸੀਪਲਾਂ ਅਤੇ ਖਾਸ ਕਰਕੇ ਇਸ ਸੰਸਥਾ ਦੇ ਵਿਦਿਆਰਥੀਆਂ ਦਾ ਖਾਸ ਯੋਗਦਾਨ ਰਿਹਾ ਹੈ। ਇਸ ਕਾਲਜ ਵਿੱਚ ਪਹਿਲਾਂ ਪ੍ਰੋਫੈਸਰ ਵਜੋਂ ਲੰਮਾ ਸਮਾਂ ਕਾਰਜ ਕਰਦਿਆਂ ਅਤੇ ਹੁਣ ਕਾਲਜ ਪ੍ਰਿੰਸੀਪਲ ਵਜੋਂ ਆਪਣੇ ਫਰਜ਼ਾਂ ਨੂੰ ਨਿਭਾਉਂਦਿਆਂ ਇਹ ਗੱਲ ਬੜੀ ਸ਼ਿਦਤ ਨਾਲ ਮਹਿਸੂਸ ਕੀਤੀ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਕਾਲਜ ਦਾ ਉਚ ਵਿਦਿਆ ਪ੍ਰਾਪਤ ਸਟਾਫ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਸਦਾ ਯਤਨਸ਼ੀਲ ਰਹਿੰਦਾ ਹੈ। ਮੈਂ ਆਪਣੇ ਕਾਲਜ ਦੇ ਸਮੂਹ ਵਿਦਿਆਰਥੀਆਂ ਤੋਂ ਅਜਿਹੀ ਆਸ ਕਰਦਾ ਹਾਂ।

ਕਾਲਜ ਵਿਦਿਆਰਥੀਆਂ ਨੇ ਅਕਾਦਮਿਕ, ਸਭਿਆਚਾਰਕ,ਖੇਡਾਂ, ਸਾਹਿਤਕ, ਐਨ.ਸੀ.ਸੀ., ਐਨ.ਐਸ.ਐਸ. ਆਦਿ ਸਹਿ-ਸਿਖਿਅਕ ਗਤੀਵਿਧੀਆਂ ਵਿੱਚ ਮੱਲਾਂ ਮਾਰੀਆ ਹਨ। ਉਹਨਾਂ ਦੀਆ ਪ੍ਰਾਪਤੀਆਂ ਨਾਲ  ਉਹਨਾਂ ਦਾ ਰੁੱਤਬਾ ਹੋਰ ਵੀ ਵੱਡਾ ਹੋਵੇ, ਇਸ ਕਰਕੇ ਉਹਨਾਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਾ ਸਾਡਾ ਫਰਜ਼ ਬਣਦਾ ਹੈ। ਇਸ ਮਕਸਦ ਲਈ ਅੱਜ ਦਾ ਇਹ ਸਮਾਗਮ ਸਮਰਪਿਤ ਹੈ।

## ਕਾਲਜ ਦਾ ਪਿਛੋਕੜ

ਪੰਜਾਬ ਦੀ ਇਸ ਇਤਿਹਾਸਕ ਅਤੇ ਗੌਰਵਮਈ ਸੰਸਥਾ ਦਾ ਆਰੰਭ 1856 ਈ. ਵਿੱਚ ਮਹਾਰਾਜਾ ਰਣਧੀਰ ਸਿੰਘ ਨੇ ਸੰਸਕ੍ਰਿਤ ਵਿਦਿਆਲਯ ਵਜੋਂ ਕੀਤਾ ਤੇ ਬਾਅਦ ਵਿਚ ਮਹਾਰਾਜਾ ਜਗਤਜੀਤ ਸਿੰਘ ਨੇ 1896 ਈ. ਵਿਚ ਇਸ ਨੂੰ ਇੰਟਰਮੀਡੀਏਟ ਕਾਲਜ ਦਾ ਰੂਪ ਦਿੱਤਾ। 1945 ਈ. ਵਿਚ ਇਸਨੂੰ ਡਿਗਰੀ ਕਾਲਜ ਬਣਾਇਆ ਗਿਆ ਅਤੇ ਇਹ ਕਾਲਜ ਰਣਧੀਰ ਕਾਲਜ ਵਜੋਂ ਪੰਜਾਬ ਦੇ ਵਿਦਿਅਕ ਖੇਤਰਾਂ ਵਿਚ ਹਰਮਨ ਪਿਆਰਾ ਹੋਇਆ।1978 ਈ. ਵਿਚ ਇਸ ਸੰਸਥਾ ਦਾ ਨਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦੇ ਨਾਂ ਨਾਲ ਜੋੜ ਕੇ, ਕਪੂਰਥਲਾ ਦੇ ਸੁਲਤਾਨ-ਏ-ਕੌਮ ਨੂੰ ਯਾਦ ਕੀਤਾ ਗਿਆ।ਇਸ ਕਾਲਜ ਵਿਚ 1968 ਵਿਚ ਐੱਮ.ਏ. ਅੰਗਰੇਜੀ, 1976 ਵਿਚ ਐੱਮ.ਏ. ਅਰਥ-ਸ਼ਾਸਤਰ, 1986 ਵਿਚ ਬੀ.ਕਾਮ., 1991 ਈ. ਵਿੱਚ ਬੀ.ਐੱਸ.ਸੀ. (ਇਕਨਾਮਿਕਸ ਅਤੇ ਕੰਪਿਊਟਰ ਸਾਇੰਸ) ਤੋਂ ਇਲਾਵਾ 'ਸਵੈ-ਵਿੱਤੀ ਪ੍ਰਬੰਧ ਯੋਜਨਾ' ਅਧੀਨ ਪੀ.ਜੀ.ਡੀ.ਸੀ.ਏ., ਬੀ.ਸੀ.ਏ. ਦੀਆਂ ਕਲਾਸਾਂ ਵੀ ਸ਼ੁਰੂ ਕੀਤੀਆਂ ਗਈਆਂ। 2004 ਵਿਚ ਐਮ.ਕਾਮ. ਦੀ ਸ਼ੁਰੂਆਤ ਹੋਈ। ਲੰਬੀ ਅਤੇ ਜ਼ਰਖੇਜ਼ ਪਰੰਪਰਾ ਵਾਲੇ ਇਸ ਕਾਲਜ ਨੇ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਅਨੇਕਾਂ ਖਿਡਾਰੀ, ਸਿਆਸਤਦਾਨ, ਸਾਹਿਤਕਾਰ, ਸਮਾਜ ਸੇਵੀ,ਪ੍ਰਸਾਸ਼ਕ ਅਤੇ ਉੱਚ ਕੋਟੀ ਦੇ ਅਧਿਆਪਕ ਪੈਦਾ ਕੀਤੇ ਹਨ। ਮੈਂ ਆਪਣੇ ਇਸ ਪਿਆਰੇ ਕਾਲਜ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।

## ਦਾਖਲਾ

ਇਸ ਸੈਸ਼ਨ ਦੌਰਾਨ ਕੁੱਲ 1083 ਵਿਦਿਆਰਥੀਆਂ ਨੇ ਕਾਲਜ ਵਿਚ ਦਾਖਲਾ ਲਿਆ । ਜਿਸ ਵਿਚੋਂ 421 ਲੜਕੇ ਅਤੇ 662 ਲੜਕੀਆਂ ਹਨ । ਸਭ ਕਲਾਸਾਂ ਦਾ ਦਾਖਲਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰਬਰ | ਕਲਾਸ | ਲੜਕੇ | ਲੜਕੀਆਂ | ਕੁੱਲ |
|---|---|---|---|---|
| 1 | ਬੀ.ਏ.-I,II,III | 272 | 334 | 606 |
| 2 | ਬੀ.ਕਾਮ.- I,II,III | 75 | 135 | 210 |
| 3 | ਬੀ.ਐੱਸ.ਸੀ.- I,II,III (ਮੈਡੀਕਲ/ਨਾਨ-ਮੈਡੀਕਲ) | 15 | 67 | 82 |
| 4 | ਬੀ.ਐੱਸ.ਸੀ.- I,II,III (ਇਕਨਾਮਿਕਸ) | 09 | 21 | 30 |
| 5 | ਬੀ.ਐੱਸ.ਸੀ.- I,II,III (ਕੰਪਿ. ਸਾਇੰਸ) | 09 | 14 | 23 |
| 6 | ਐੱਮ.ਏ.- I,II(ਅੰਗਰੇਜੀ) | 03 | 12 | 15 |
| 7 | ਐੱਮ.ਏ.- I,II(ਇਕਨਾਮਿਕਸ) | 02 | 12 | 14 |
| 8 | ਐੱਮ.ਕਾਮ- I,II | 05 | 26 | 31 |
| 9 | ਪੀ.ਜੀ.ਡੀ.ਸੀ.ਏ. | 05 | 12 | 17 |
| 10 | ਬੀ.ਸੀ.ਏ. I,II | 26 | 29 | 55 |
| | ਕੁੱਲ ਜੋੜ | 421 | 662 | 1083 |

## ਸਟਾਫ਼ ਪ੍ਰਾਪਤੀਆਂ

ਕਾਲਜ ਦੇ ਸਟਾਫ ਨੇ ਇਸ ਸਾਲ ਦੌਰਾਨ ਰਚਨਾਤਮਿਕ, ਚਿੰਤਨੀ ਤੇ ਸਮਾਜ ਸੇਵਾ ਦੇ ਖੇਤਰ ਵਿਚ ਸ਼ਲਾਘਾਯੋਗ ਪ੍ਰਾਪਤੀਆਂ ਕੀਤੀਆਂ ਹਨ।

- ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰੋ. ਅਨੀਤਾ ਸਾਗਰ ਮੁੱਖੀ ਫਿਲਾਸਫੀ ਵਿਭਾਗ ਨੂੰ ਯੂਨੀਵਰਸਿਟੀ ਦੀ ਸੈਨੇਟ ਦਾ ਮੈਂਬਰ, ਫਿਲਾਸਫੀ ਵਿਸ਼ੇ ਦੇ Board of Studies ਤੇ Faculty of Humanties and Religious Studies ਦੇ ਮੈਂਬਰ ਨਿਯੁਕਤ ਕੀਤਾ ਗਿਆ।
- ਸੰਗੀਤ(ਸਾਜ਼) ਵਿਭਾਗ ਦੇ ਪ੍ਰੋ. ਡਾ. ਮੋਨਿਕਾ ਖੰਨਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ Department of Visual arts and performing arts ਦੇ faculty ਮੈਂਬਰ ਵਜੋਂ ਮੀਟਿੰਗਾਂ ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਲੋਂ Online seminar 'A Journey with Prof. Dr. Gurpreet Kaur' ਵਿੱਚ keynote Speaker ਵਜੋਂ ਸ਼ਿਰਕਤ ਕਰਨ ਦਾ ਮੌਕਾ ਮਿਲਿਆ, 07-08-2021 ਨੂੰ ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਲੋਂ ਕਰਵਾਏ National Webinar 'ਅਜ਼ਾਦੀ ਦਾ ਅੰਮ੍ਰਿਤ ਮਹਾਉਸਤਵ' ਵਿੱਚ ਭਾਗ ਲਿਆ।
- ਬਾਟਨੀ ਵਿਭਾਗ ਦੇ ਮੁੱਖੀ ਪ੍ਰੋ. ਡਾ. ਮੀਨਾ ਸੇਠੀ 22-10-21 ਨੂੰ HMV ਕਾਲਜ ਜਲੰਧਰ ਵਿਖੇ 'ਬੋਟੈਨੀਕਲ ਬੋਨਾਜ਼ਾ' ਪ੍ਰੋਗਰਾਮ ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ ਅਤੇ 23-02-2022

ਨੂੰ Celebration of Science Week 2022 ਵਿੱਚ ਕਰਵਾਏ ਗਏ Poster ਮੁਕਾਬਲੇ ਵਿੱਚ ਬਤੌਰ ਜੱਜ ਭੂਮਿਕਾ ਨਿਭਾਈ।

- ਪ੍ਰੋ. ਹੈਪੀ ਕੁਮਾਰ ਮੁੱਖੀ ਪੰਜਾਬੀ ਵਿਭਾਗ ਨੂੰ ਸਿਰਜਣਾ ਕੇਂਦਰ ਕਪੂਰਥਲਾ ਵਲੋਂ ਅਧਿਆਪਕ ਦਿਵਸ 2021 ਦੇ ਮੌਕੇ ਤੇ ਅਧਿਆਪਨ ਅਤੇ ਸਮਾਜਿਕ ਖੇਤਰ ਵਿੱਚ ਵੱਡਮੁਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ " ਡਾ. ਸਰਵਪਾਲੀ ਰਾਧਾ ਕ੍ਰਿਸ਼ਨਨ ਟੀਚਰਜ਼ ਐਕਸਲੈਂਸ ਐਵਾਰਡ-2021" ਦੇ ਕੇ ਸਨਮਾਨ ਕੀਤਾ ਗਿਆ।
- ਪ੍ਰੋ. ਜਸਪ੍ਰੀਤ ਕੌਰ ਸੰਗੀਤ(ਵੋਕਲ) ਨੇ 07-08-2021 ਨੂੰ ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਲੋਂ ਕਰਵਾਏ National Webinar 'ਅਜ਼ਾਦੀ ਦਾ ਅੰਮ੍ਰਿਤ ਮਹਾਉਸਤਵ' ਵਿੱਚ ਭਾਗ ਲਿਆ । ਕਾਲਜ ਵਲੋਂ ਲੋਹੜੀ ਮਨਾਏ ਜਾਣ ਦੇ ਪ੍ਰੋਗਰਾਮ, Women's Day ਮੋਕੇ ਤੇ ਲੋਕ ਗੀਤ ਪ੍ਰਸਤੁਤ ਕੀਤਾ।

## ਸੱਭਿਆਚਾਰਕ ਸਰਗਰਮੀਆਂ

- ਮੌਜੂਦਾ ਅਕਾਦਮਿਕ ਸੈਸ਼ਨ ਦੌਰਾਨ ਪ੍ਰੋ. ਅਨੀਤਾ ਸਾਗਰ ਦੀ ਅਗਵਾਈ ਹੇਠ ਵੱਖ-ਵੱਖ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ।ਇਸ ਵਰ੍ਹੇ ਦੌਰਾਨ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਜੋਨਲ ਯੂਥ ਫੈਸਟੀਵਲ ਦੀ ਕੁੱਲ 25 ਆਈਟਮਾਂ ਵਿੱਚ ਹਿੱਸਾ ਲਿਆ ਤੇ 18 ਆਈਟਮਾਂ ਵਿੱਚ ਵਿਦਿਆਰਥੀਆਂ ਨੇ ਪਹਿਲਾ, ਦੂਸਰਾ, ਅਤੇ ਤੀਸਰਾ ਸਥਾਨ ਹਾਸਲ ਕੀਤਾ ਕੁੱਲ 68 ਅੰਕਾਂ ਨਾਲ ਜ਼ੋਨਲ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਆਈਟਮਾਂ ਅਤੇ ਸਥਾਨ ਇਸ ਤਰ੍ਹਾਂ ਹਨ-

  ਪਹਿਲਾ ਸਥਾਨ- ਰੰਗੋਲੀ, ਕਲੇਅ ਮਾਡਲਿੰਗ, ਲੋਕ ਗੀਤ, ਗੀਤ/ਗਜ਼ਲ, ਫੋਕ ਆਰਕੈਸਟਰਾ, ਪੇਂਟਿਗ(ਔਨ ਦਾ ਸਪੋਟ)

  ਦੂਸਰਾ ਸਥਾਨ- ਕਲਾਸੀਕਲ ਇੰਸਟਰੂਮੈਂਟ, ਕਾਰਟੂਨਿੰਗ, ਫੁਲਕਾਰੀ, ਸਕਿੱਟ, ਕਾਵਿਸ਼ਰੀ, ਮਾਈਮ

  ਤੀਸਰਾ ਸਥਾਨ- ਵਾਰ, ਡਿਬੇਟ, ਫੋਕ ਡਾਂਸ/ਲੁੱਡੀ, ਪੋਸਟਰ ਮੇਕਿੰਗ, ਮਮਿਕਰੀ, ਫੈਂਸੀ ਡਰੈਸ
- ਇਸ ਤੋਂ ਇਲਾਵਾ K.M.V. ਕਾਲਜ ਜਲੰਧਰ ਵਲੋਂ ਕਰਵਾਏ ਗਏ Solo ਤੇ ਗਰੁੱਪ ਡਾਂਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ।ਜਿਸ ਵਿਚੋਂ ਰੀਤਿਕਾ B.AIst Year ਦੀ ਵਿਦਿਆਰਥਣ ਨੇ Solo Dance ਵਿੱਚ ਪਹਿਲਾ ਸਥਾਨ ਹਾਸਲ ਕੀਤਾ।English Department ਦੇ ਵਿਦਿਆਰਥੀਆਂ ਨੇ K.M.V ਕਾਲਜ ਦੇ ਕਈ ਮੁਕਾਬਲਿਆਂ ਵਿੱਚ ਭਾਗ ਲਿਆ ਤੇ Consolation ਇਨਾਮ ਪ੍ਰਾਪਤ ਕੀਤੇ।
- ਕਾਲਜ ਵਿੱਚ ਧੀਆਂ ਨੂੰ ਸਮਰਪਿਤ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਕਾਲਜ ਦਾ ਸਾਰਾ ਸਟਾਫ ਹਾਜ਼ਰ ਹੋਇਆ। ਇਸ ਮੌਕੇ ਲੋਹੜੀ ਨਾਲ ਸੰਬੰਧਿਤ ਰੰਗਾਰੰਗ ਸਭਿਆਚਾਰਕ ਪ੍ਰੋਗਰਾਮ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ।
- ਇਨ੍ਹਾਂ ਸਭ ਸਭਿਆਚਾਰਕ ਗਤੀਵਿਧੀਆਂ ਲਈ ਡਾ. ਚੰਦਰ ਕਾਂਤਾ, ਪ੍ਰੋ. ਅਨੀਤਾ ਸਾਗਰ, ਪ੍ਰੋ. ਡਾ. ਮੋਨਿਕਾ ਖੰਨਾ, ਪ੍ਰੋ. ਸਨੇਹ ਸ਼ਰਮਾ, ਪ੍ਰੋ. ਰਸ਼ਮੀ ਵਿਰਕ, ਪ੍ਰੋ. ਹੈਪੀ ਕੁਮਾਰ, ਪ੍ਰੋ. ਰਣਜੀਤ ਕੁਮਾਰ ਆਦਿ ਤੋਂ ਇਲਾਵਾ ਤਕਰੀਬਨ ਸਾਰੇ ਟੀਚਿੰਗ ਸਟਾਫ ਵਲੋਂ ਵੱਖ-ਵੱਖ ਆਈਟਮਾਂ ਦੀ ਤਿਆਰੀ ਕਰਵਾਉਣ ਲਈ ਯੋਗਦਾਨ ਦਿੱਤਾ ਗਿਆ।

## ਐੱਨ.ਸੀ.ਸੀ.

ਕਾਲਜ ਦੇ ਐਨ.ਸੀ.ਸੀ ਦੇ ਲੜਕੇ ਅਤੇ ਲੜਕੀਆਂ ਦੀ ਇਕ ਟੁਕੜੀ ਪ੍ਰੋ. ਨਿਧੀ ਕਾਂਡਾ ਦੀ ਅਗਵਾਈ ਹੇਠ ਚੱਲ ਰਹੀ ਹੈ। ਕਾਲਜ ਦੇ 26 ਕੈਡਿਟਾਂ ਨੇ NCC ਦੀ (C) ਸਰਟੀਫੀਕੇਟ ਤੇ 21 ਕੈਡਿਟਾਂ ਨੇ (B) ਸਰਟੀਫੀਕੇਟ ਦਾ ਇਮਤਿਹਾਨ ਦਿੱਤਾ। ਸੱਤਵਾਂ ਅੰਤਰਰਾਸ਼ਟਰੀ ਯੋਗ ਦਿਵਸ ਦੌਰਾਨ ਕੈਡਿਟਾਂ ਵਲੋਂ ਕਰੋਨਾ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਘਰਾਂ ਵਿੱਚ ਯੋਗ ਦਿਵਸ ਮਨਾਇਆ। ਕਾਲਜ ਵਿੱਚ NCC ਕੈਡਿਟਾਂ ਦਾ 10 ਰੋਜ਼ਾ ਕੈਂਪ ਲਗਾਇਆ ਗਿਆ।ਜਿਸ ਵਿੱਚ 110 ਵੱਖ-ਵੱਕ ਸਕੂਲਾਂ, ਕਾਲਜਾਂ ਦੇ ਕੈਡਿਟਾਂ ਨੇ ਹਿੱਸਾ ਲਿਆ।ਸੀਨੀਅਰ ਅੰਡਰ ਅਫਸਰ ਗੁਲਸ਼ਨ ਕੌਰ ਨੂੰ ਇੰਟਰ ਬਟਾਲੀਅਨ ਬੈਸਟ ਕੈਡਿਟ ਐਵਾਰਡ ਵਜੋਂ ਨਕਦ ਇਨਾਮ ਤੇ ਕੈਡਿਟ ਜਸਪ੍ਰੀਤ ਸਿੰਘ ਅਤੇ ਪਵਨਪ੍ਰੀਤ ਕੌਰ ਨੂੰ 'ਆਜ਼ਾਦੀ ਦੀ ਦੌੜ' ਵਿੱਚ ਚਾਂਦੀ ਦਾ ਤਗਮਾ ਅਤੇ ਕਾਂਸੇ ਦੇ ਤਗਮੇ ਨਾਲ ਸਨਮਾਨਿਤ ਕੀਤਾ ਗਿਆ।ਕਾਲਜ ਦੇ 6 ਕੈਡਿਟ ਲੜਕੀਆਂ ਦੁਆਰਾ ਨੈਸ਼ਨਲ ਟਰੈਕਿੰਗ ਕੈਂਪ ਅਜਮੇਰ ਰਾਜਸਥਾਨ ਵਿੱਚ ਭਾਗ ਲਿਆ। ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ NCC ਦਿਵਸ ਵਿੱਚ ਸਾਡੇ ਕਾਲਜ ਦੇ ਕੈਡਿਟਾਂ ਨੇ ਵੀ ਭਾਗ ਲਿਆ।ਕਾਲਜ ਵਿੱਚ 350 ਕੈਡਿਟਾਂ ਦਾ B ਸਰਟੀਫਿਕੇਟ ਦਾ ਇਮਤਿਹਾਨ ਲਿਆ ਗਿਆ ਜਿਸ ਵਿੱਚ 29 ਕਾਲਜ ਦੇ ਕੈਡਿਟਾਂ ਨੇ ਭਾਗ ਲਿਆ। ਸੀਨੀਅਰ ਅੰਡਰ ਅਫਸਰ ਅਮਨਜੋਤ ਕੌਰ ਵਲੋਂ ਰਾਸ਼ਟਰੀ ਟਰੈਕਿੰਗ ਕੈਂਪ ਦੌਰਾਨ ਵਧੀਆ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ ਤੇ ਇਸਦੇ ਨਾਲ ਹੀ NCC ਅਕੈਡਮੀ ਰੋਪੜ ਵਿਖੇ ਪ੍ਰੀ RDC ਵਿੱਚ ਵੀ ਭਾਗ ਲਿਆ। ਉਸ ਦੀਆਂ ਸ਼ਲਾਘਾਯੋਗ ਗਤੀਵਿਧੀਆਂ ਲਈ A.D.G NCC (ਚੰਡੀਗੜ) ਵਲੋਂ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਜੋ ਕਿ ਕਾਲਜ ਲਈ ਮਾਣ ਵਾਲੀ ਗੱਲ ਹੈ।

## ਕੌਮੀ ਸੇਵਾ ਯੋਜਨਾ ਵਿੰਗ (ਐੱਨ.ਐੱਸ.ਐੱਸ.)

ਕਾਲਜ ਦਾ ਐੱਨ.ਐੱਸ.ਐੱਸ. ਵਿਭਾਗ ਪ੍ਰੋ. ਹੈਪੀ ਕੁਮਾਰ ਅਤੇ ਪ੍ਰੋ. ਸਨੇਹ ਸ਼ਰਮਾਂ ਦੀ ਅਗਵਾਈ ਵਿੱਚ ਸਰਗਰਮ ਹੈ। ਵਿਭਾਗ ਵਲੋਂ ਇੱਕ ਰੋਜ਼ਾ ਕੈਂਪ ਵੀ ਲਗਾਇਆ ਗਿਆ। ਵਿੰਗ ਦੇ ਵਿਦਿਆਰਥੀਆਂ ਨੇ ਕੈਂਪ ਤੋਂ ਇਲਾਵਾ ਵੱਖ ਵੱਖ ਸਮਾਜਕ ਗਤੀਵਿਧੀਆਂ ਜਿਵੇਂ ਸਵੱਛ ਭਾਰਤ ਮੁਹਿੰਮ ਦੇ ਤਹਿਤ, ਆਵਾਜਾਈ ਜਾਗਰੂਕਤਾ, ਮਤਦਾਨ ਜਾਗਰੂਕਤਾ, ਵਣ-ਮਹਾਂ-ਉਤਸਵ, ਡੈਪੋ, ਬੱਡੀ ਪ੍ਰੋਗਰਾਮਾਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।

## ਸਵੀਪ

ਕਾਲਜ ਵਿੱਚ ਸਵੀਪ ਪ੍ਰੋਗਰਾਮ ਪ੍ਰੋ. ਹੈਪੀ ਕੁਮਾਰ ਦੀ ਅਗਵਾਈ ਹੇਠ ਚੱਲ ਰਿਹਾ ਹੈ। ਸਵੀਪ ਪ੍ਰੋਗਰਾਮ ਦੇ ਤਹਿਤ ਕਾਲਜ ਵਿੱਚ ਵਿਦਿਆਰਥੀਆਂ ਨੂੰ ਆਨ ਲਾਈਨ/ ਆਫ ਲਾਈਨ ਵੋਟ ਅਪਲਾਈ ਕਰਨ , ਵੋਟਰ ਕਾਰਡ ਵਿੱਚ ਸੁਧਾਈ ਕਰਨ ਅਤੇ ਵੋਟ ਪ੍ਰਕਿਰਿਆ ਨਾਲ ਸਬੰਧਿਤ ਜਾਗਰੂਕ ਕਰਵਾਇਆ ਜਾਂਦਾ ਹੈ। ਪੋਸਟਰ ਮੇਕਿੰਗ, ਸੈਮੀਨਾਰ, ਲੇਖ ਲੇਖਣ, ਸਲੋਗਨ ਰਾਇਟਿੰਗ ਆਦਿ ਸਰਗਰਮੀਆਂ ਕਰਵਾ ਕੇ ਵਿਦਿਆਰਥੀਆਂ ਨੂੰ ਵੋਟ ਪ੍ਰਕਿਰਿਆ ਤੋਂ ਜਾਗਰੂਕ ਕੀਤਾ ਜਾਂਦਾ ਹੈ। ਕਾਲਜ ਵਿੱਚ ਵੋਟ ਜਾਗਰੂਕਤਾ ਦੇ ਤਹਿਤ ਦੋ ਵਿਦਿਆਰਥੀ ਪਲਵੀ ਕੌਸ਼ਲ ਬੀ.ਏ. ਭਾਗ ਤੀਜਾ ਅਤੇ ਰਾਹੁਲਪ੍ਰੀਤ ਸਿੰਘ ਬੀ.ਏ. ਭਾਗ ਤੀਜਾ ਕਾਲਜ ਵਿਦਿਆਰਥੀ ਅੰਬੈਸਡਰ ਨਿਯੁਕਤ ਹਨ। ਇਹਨਾਂ ਦੇ ਸਹਿਯੋਗ ਨਾਲ ਤਕਰੀਬਨ 90 ਵਿਦਿਆਰਥੀਆਂ ਦੀ ਨਵੀਂ ਵੋਟ ਬਣਾਉਣ ਲਈ ਆਨ ਲਾਈਨ/ ਆਫ ਲਾਈਨ ਅਪਲਾਈ ਕੀਤਾ ਹੈ। ਕਾਲਜ ਵਿੱਚ ਹਰ ਸਾਲ ਵੋਟਰ ਡੇਅ ਅਤੇ ਸੰਵਿਧਾਨ ਦਿਵਸ ਵੀ ਮਨਾਇਆ ਜਾਂਦਾ ਹੈ। ਕਾਲਜ ਦਾ ਤਕਰੀਬਨ ਸਾਰਾ ਸਟਾਫ ਇਲੈਕਸ਼ਨ ਡਿਊਟੀਆਂ ਵਿੱਚ ਬਤੌਰ

ਮਾਸਟਰ ਟਰੇਨਰ/ ਪ੍ਰਜ਼ਾਇਡਿੰਗ ਅਫਸਰ, ਸਹਾਇਕ ਪ੍ਰਜ਼ਾਈਡਿੰਗ ਅਫਸਰ/ ਪੋਲਿੰਗ ਅਫਸਰਾਂ ਦੀਆਂ ਡਿਊਟੀਆਂ ਵਿੱਚ ਹਿੱਸਾ ਲੈ ਕੇ ਜਿਲ੍ਹਾ ਪ੍ਰਸ਼ਾਸਨ ਦੀ ਮਦਦ ਕਰਦੇ ਹਨ।

## ਬੱਡੀ ਗਰੁੱਪ

ਕਾਲਜ ਵਿੱਚ ਸਵੀਪ ਪ੍ਰੋਗਰਾਮ ਪ੍ਰੋ. ਹੈਪੀ ਕੁਮਾਰ ਦੀ ਅਗਵਾਈ ਹੇਠ ਕਾਰਜ਼ਸ਼ੀਲ ਹੈ। ਸਵੀਪ ਪ੍ਰੋਗਰਾਮ ਦੇ ਤਹਿਤ ਕਾਲਜ ਵਿੱਚ ਵਿਦਿਆਰਥੀਆਂ ਨੂੰ ਨਸ਼ਿਆ ਤੋਂ ਬਚਾਉਣ ਲਈ ਸੈਮੀਨਾਰ, ਪੋਸਟਰ ਮੇਕਿੰਗ, ਲੇਖ ਲੇਖਣ ਮੁਕਾਬਲੇ, ਸਲੋਗਨ ਰਾਇਟਿੰਗ ਆਦਿ ਸਰਗਰਮੀਆਂ ਕਰਵਾਈਆਂ ਜਾਂਦੀਆਂ ਹਨ।ਹਰ ਮਹੀਨੇ ਹਫਤਾਵਾਰੀ/ ਪੰਦਰਵਾੜੇ ਦੇ ਤਹਿਤ ਸਾਰੇ ਕਾਲਜ ਵਿੱਚ ਬੱਡੀ ਨਾਲ ਸਬੰਧਿਤ ਇੱਕ ਸਪੈਸ਼ਲ ਕਲਾਸ ਲਗਾਈ ਜਾਂਦੀ ਹੈ। ਜਿਸਦਾ ਮਕਸਦ ਬੱਚਿਆਂ ਨੂੰ ਨਸ਼ਿਆਂ ਤੋਂ ਜਾਗਰੂਕ ਕੀਤਾ ਜਾਂਦਾ ਹੈ। ਕਾਲਜ ਵਿੱਚ ਤਕਰੀਬਨ 38 ਸੀਨੀਅਰ ਬੱਡੀ ਅਤੇ 17 ਬੱਡੀ ਗਰੁੱਪ ਹਨ।

## ਰੈੱਡ ਰੀਬਨ ਕਲੱਬ

21 ਸਤੰਬਰ 2021 ਨੂੰ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਰੈੱਡ ਰੀਬਨ ਕਲੱਬਾਂ ਦੇ AIDS ਤੇ ਜਿਲ੍ਹਾ ਪੱਧਰੀ ਮੁਕਾਬਲੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਵਿੱਚ ਕਰਵਾਏ ਗਏ। ਜਿਸ ਵਿੱਚ ਸਾਡੇ ਕਾਲਜ ਦੇ ਬੀ.ਐੱਸ.ਸੀ. ਮੈਡੀਕਲ ਅਤੇ ਨਾਨ ਮੈਡੀਕਲ ਦੇ ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਸਲੋਗਨ ਰਾਇਟਿੰਗ ਅਤੇ ਕੁਇਜ਼ ਵਿੱਚ ਹਿੱਸਾ ਲਿਆ। ਵਿਦਿਆਰਥਣ ਲਵਲੀਨ ਕੌਰ ਬੀ.ਐਸ.ਸੀ. ਮੈਡੀਕਲ ਸਮੈਸਟਰ 5ਵਾਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਰੈੱਡ ਰੀਬਨ ਕਲੱਬ ਅਤੇ ਜ਼ੋਆਲਜੀ ਵਿਭਾਗ ਦੇ ਸਹਿਯੋਗ ਨਾਲ 12-05-2022 ਨੂੰ "Thelassenis Day" ਮੌਕੇ ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ।ਡਾ. ਪ੍ਰੋ. ਮੀਨਾ ਸੇਠੀ ਨੇ ਮਿਤੀ 16-05-2022 ਨੂੰ ਕਪੂਰਥਲਾ ਪ੍ਰਸ਼ਾਸਨ ਦੀ ਰੈੱਡ ਕਰਾਸ ਸਸੂਾਇਟੀ ਵੱਲੋਂ ਕਰਵਾਏ ਗਏ "World Red Cross Day" ਤੇ ਕਰਵਾਏ ਗਏ ਪ੍ਰੋਗਰਾਮ ਵਿੱਚ ਹਿੱਸਾ ਲਿਆ।

## ਖੇਡ ਪ੍ਰਾਪਤੀਆਂ

ਕਾਲਜ ਦਾ ਸਰੀਰਿਕ ਸਿੱਖਿਆ ਵਿਭਾਗ ਪ੍ਰੋ. ਰਣਜੀਤ ਕੁਮਾਰ ਦੀ ਅਗਵਾਈ ਹੇਠ ਚੱਲ ਰਿਹਾ ਹੈ।ਕਾਲਜ ਨੇ ਇਸ ਸੈਸ਼ਨ 2021-22 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਕਰਵਾਏ ਗਏ ਅਲੱਗ-ਅਲੱਗ ਖੇਡ ਮੁਕਾਬਲਿਆਂ ਵਿੱਚ ਕੁਸ਼ਤੀ, ਫਰੀ ਸਟਾਇਲ, ਐਥਲੈਟਿਕਸ, ਹੈਪਟੈਥਲ, ਚਾਰ ਸੋ ਮੀਟਰ ਹਰਡਲਜ਼, ਤਾਈਕਵਾਂਡੋ ਕਰਾਟੇ, 100 ਮੀਟਰ ਦੌੜ ਮੁਕਾਬਲਿਆਂ ਵਿਚ ਭਾਗ ਲਿਆ ਤੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।ਵਿਭਾਗ ਵਲੋਂ 05-04-2022, 06-04-2022 ਅਤੇ 07-04-2022 ਨੂੰ ਤਿੰਨ ਰੋਜ਼ਾ ਐਥਲੈਟਿਕਸ ਮੀਟ ਕਰਵਾਈ ਗਈ।ਇਸ ਵਿੱਚ ਡਾ. ਅਮਨਦੀਪ ਸਿੰਘ ਇੰਚਾਰਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਪੋਰਟਸ ਅੰਮ੍ਰਿਤਸਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।

## ਰਣਧੀਰ ਰਸਾਲੇ ਦਾ ਪ੍ਰਕਾਸ਼ਨ

ਇਸ ਵਰ੍ਹੇ ਦੌਰਾਨ ਕਾਲਜ ਦੇ "ਰਣਧੀਰ" ਰਸਾਲੇ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ। ਇਸ ਪ੍ਰਕਾਸ਼ਨ ਲਈ ਕੈਮਿਸਟਰੀ ਵਿਭਾਗ ਦੇ ਡਾ. ਪ੍ਰੋ. ਜਸਮੀਤ ਸੇਠੀ ਨੇ ਮੁੱਖ ਸੰਪਾਦਕ ਦੇ ਫਰਜ਼ ਨਿਭਾਏ ਹਨ।

ਪੂਰੇ ਰੰਗਦਾਰ ਛਪ ਰਹੇ ਇਸ ਰਸਾਲੇ ਵਿੱਚ ਪੰਜਾਬੀ ਵਿਭਾਗ, ਹਿੰਦੀ ਵਿਭਾਗ, ਇੰਗਲਿਸ਼ ਵਿਭਾਗ, ਸਾਇੰਸ ਸੈਕਸ਼ਨ, ਸੋਸ਼ਲ ਸਾਇੰਸ ਸੈਕਸ਼ਨ, ਪਲੈਨਿੰਗ ਫੋਰਮ, ਸਰਗਰਮੀਆਂ ਅਤੇ ਤਸਵੀਰਾਂ ਦੇ ਅਧੀਨ ਸਮੁੱਚੀ ਸਮੱਗਰੀ ਨੂੰ ਵੰਡ ਕੇ ਛਾਪਿਆ ਜਾ ਰਿਹਾ ਹੇ। ਰਸਾਲੇ ਵਿੱਚ ਮੌਜੂਦਾ ਵਿਦਿਆਰਥੀਆਂ ਦੇ ਨਾਲ ਨਾਲ ਕਾਲਜ ਦੇ ਪ੍ਰਾਧਿਆਪਕਾਂ ਦੀਆ ਰਚਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਰਣਧੀਰ ਰਸਾਲੇ ਨੂੰ ਇੱਕ ਪ੍ਰਭਾਵਸ਼ਾਲੀ ਸਮਾਗਮ ਕਰਕੇ ਲੋਕ ਅਰਪਣ ਕੀਤਾ ਜਾਵੇਗਾ। ਮੈਗਜ਼ੀਨ ਦੇ ਸੰਪਾਦਕੀ ਮੰਡਲ ਵਿੱਚ ਡਾ. ਪ੍ਰੋ. ਜਸਮੀਤ ਸੇਠੀ, ਪ੍ਰੋ. ਹੈਪੀ ਕੁਮਾਰ, ਪ੍ਰੋ. ਰਸ਼ਮੀ ਵਿਰਕ, ਪ੍ਰੋ. ਦਲਜੀਤ ਕਲੇਰ, ਪ੍ਰੋ. ਹਰਸਿਮਰਨ ਕੌਰ, ਪ੍ਰੋ. ਸੰਧਿਆ ਤੁਲੀ, ਪ੍ਰੋ. ਪਰਮਿੰਦਰ ਕੌਰ, ਪ੍ਰੋ. ਪ੍ਰੀਤ ਕਮਲ ਕੌਰ, ਪ੍ਰੋ. ਗੁਰਵਿੰਦਰ ਕੌਰ, ਪ੍ਰੋ. ਬਿਮਲਾ, ਪ੍ਰੋ. ਵਸੁੰਧਰਾ ਠਾਕੁਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

## ਸਭਾ ਸੁਸਾਇਟੀਆਂ/ ਕਲੱਬ

ਕਾਲਜ ਦੀਆਂ ਵੱਖ ਵੱਖ ਸੁਸਾਇਟੀਆਂ ਅਤੇ ਕਲੱਬਾਂ ਨੇ ਇਸ ਅਕਾਦਮਿਕ ਵਰ੍ਹੇ ਦੌਰਾਨ ਵੀ ਆਪਣੀ ਉਸਾਰੂ ਰਚਨਾਤਮਿਕ ਕਾਰਗੁਜ਼ਾਰੀ ਨਾਲ ਕਾਲਜ ਦੇ ਅਕਾਦਮਿਕ ਮਾਹੌਲ ਵਿੱਚ ਵੱਡਮੁੱਲਾ ਯੋਗਦਾਨ ਪਾਇਆ:-

1) **ਪੰਜਾਬੀ ਸਾਹਿਤ ਸਭਾ:-** ਪੰਜਾਬੀ ਸਾਹਿਤ ਸਭਾ ਵੱਲੋਂ ਪ੍ਰੋ. ਹੈਪੀ ਕੁਮਾਰ ਦੀ ਅਗਵਾਈ ਵਿੱਚ "ਮਾਤ ਭਾਸ਼ਾ ਦਿਵਸ" ਸਮਾਗਮਾਂ ਦੀ ਲੜੀ ਦੇ ਪਹਿਲੇ ਅਤੇ ਦੂਜੇ ਸਮਾਗਮ ਵੱਜੋਂ ਵਿਦਿਆਰਥੀਆਂ ਦੇ ਕਵਿਤਾ, ਕਹਾਣੀ, ਨਿਬੰਧ ਲੇਖਣ, ਮਾਤ ਭਾਸ਼ਾ ਨੂੰ ਸਮਰਪਿਤ ਸੁੰਦਰ ਲਿਖਾਈ ਮੁਕਾਬਲੇ, ਸਲੋਗਨ ਰਾਇਟਿੰਗ, ਕਵਿਤਾ ਉਚਾਰਨ, ਭਾਸ਼ਾ ਉਚਾਰਨ, ਕੁਇਜ਼ ਅਤੇ ਲੋਕ ਗੀਤ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਦੀਆਂ ਪਿਛਲੇ ਸਾਲ ਦੀਆਂ ਜੇਤੂ ਸਾਹਿਤਿਕ ਰਚਨਾਵਾਂ ਤੇ ਅਧਾਰਿਤ ਸਭਾ ਦੇ ਰਸਾਲੇ "ਆਰੰਭ" ਦੇ ਦਸਵੇਂ ਅੰਕ ਨੂੰ ਸਭਾ ਦੇ ਸਲਾਨਾ ਸਮਾਗਮ ਮੋਕੇ ਰਿਲੀਜ਼ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਵਿਦਵਾਨ ਅਤੇ ਸਿੱਖਿਆ ਸਾਸ਼ਤਰੀ ਡਾ. ਅਸ਼ੋਕ ਕੁਮਾਰ ਖੁਰਾਣਾ ਦਾ ਰੂ-ਬ-ਰੂ ਸਮਾਗਮ ਕਰਵਾਇਆ ਗਿਆ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ। ਸਭਾ ਵੱਲੋਂ ਮਾਂ ਬੋਲੀ ਪੰਜਾਬੀ ਬੋਲੀ ਨੂੰ ਸਮਰਪਿਤ ਅਹਿਦ ਸਮਾਗਮ ਵੀ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਬੋਲਣ, ਪੰਜਾਬੀ ਲੇਖਣ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਭਾਸ਼ਾ ਵਿਭਾਗ ਪੰਜਾਬ ਅਤੇ ਕਾਲਜ ਦੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਕਾਲਜ ਵਿੱਚ ਪੁਸਤਕ ਪ੍ਰਦਰਸ਼ਨੀ ਵੀ ਲਗਵਾਈ ਗਈ। ਭਾਸ਼ਾ ਵਿਭਾਗ ਪੰਜਾਬ ਦੇ ਜਿਲ੍ਹਾ ਪੱਧਰੀ ਕੁਇਜ਼ ਮੁਕਾਬਲੇ ਵਿੱਚ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਕਿਰਨਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

2) **ਹਿਸਟਰੀ ਐਸੋਸੀਏਸ਼ਨ-** ਹਿਸਟਰੀ ਐਸੋਸੀਏਸ਼ਨ ਪ੍ਰੋ. ਰਸ਼ਮੀ ਵਿਰਕ ਦੀ ਯੋਗ ਅਗਵਾਈ ਹੇਠ ਕਾਰਜਸ਼ੀਲ ਹੈ। ਵਿਭਾਗ ਵੱਲੋਂ ਪ੍ਰੋ. ਡਾ. ਚਰਨਜੀਤ ਕੌਰ ਜੀ ਦਾ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਸ਼ੇ ਤੇ ਆਨਲਾਇਨ ਲੈਕਚਰ ਕਰਵਾਇਆ ਗਿਆ।ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਜਨਮ ਦਿਵਸ ਦੇ ਮੌਕੇ ਤੇ ਆਨਲਾਇਨ ਕਵਿਤਾ ਉਚਾਰਣ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਦੇਸ਼ ਦੇ 75ਵੇਂ ਆਜ਼ਾਦੀ ਦਿਵਸ ਮੌਕੇ ਵਿਭਾਗ ਵੱਲੋ ' ਅਜਾਦੀ ਦਾ ਅੰਮ੍ਰਿਤ ਮਹਾਂ ਉਤਸਵ" ਵਿਸ਼ੇ ਤੇ ਪ੍ਰੋ.ਡਾ.ਚੰਦਰ ਕਾਂਤਾ ਜੀ ਵਲੋ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਸ਼ੇ ਤੇ ਲੈਕਚਰ

ਦਿੱਤਾ ਅਤੇ ਇਤਿਹਾਸ ਵਿਭਾਗ ਤੇ ਸੰਗੀਤ ਵਿਭਾਗ ਦੁਆਰਾ ਆਨਲਾਇਨ ਸ਼ਬਦ ਗਾਇਨ ਮੁਕਾਬਲੇ ਵੀ ਕਰਵਾਏ ਗਏ।

3) **ਫਿਲਾਸਫੀ ਵਿਭਾਗ:-** ਫਿਲਾਸਫੀ ਵਿਭਾਗ ਦੇ ਮੁੱਖੀ ਪ੍ਰੋ. ਅਨੀਤਾ ਸਾਗਰ ਵਲੋਂ ਕਾਲਜ ਵਿੱਚ ਅਧਿਆਪਕ ਦਿਵਸ ਦੇ ਮੌਕੇ ਤੇ ਸਲੋਗਨ ਰਾਈਟਿੰਗ ਆਨਲਾਇਨ ਮੁਕਾਬਲੇ ਕਰਵਾਏ ਗਏ ਅਤੇ ਨਵੰਬਰ 2021 ਨੂੰ ਵਿਭਾਗ ਵੱਲੋ 'ਪੰਜਾਬੀ ਮਾਹ ਸਮਾਰੋਹਾਂ'ਦੀ ਲੜੀ ਵਿੱਚ ਵਿਦਿਆਰਥੀਆਂ ਦੇ 'ਪੰਜਾਬੀ ਸਾਹਿਤ ਦਾ ਦਾਰਸ਼ਨਿਕ ਪੱਖ' ਵਿਸ਼ੇ ਉਪਰ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ। ਇਸ ਤੋਂ ਇਲਾਵਾ ਵਾਦ-ਵਿਵਾਦ ਪ੍ਰਤੀਯੋਗਤਾ, ਰੁੱਖ ਲਗਾਉਣ ਪਾਣੀ ਬਚਾਉ, ਸੱਭਿਆਚਾਰ ਦੀ ਸੰਭਾਲ, ਧੀਆਂ ਪੜਾਉ ਧੀਆਂ ਬਚਾਉ, ਨਸ਼ਿਆਂ ਤੋ ਪ੍ਰਹੇਜ਼ ਕਰੋ, ਪੋਸਟਰ ਮੇਕਿੰਗ, ਕਵਿਤਾ ਉਚਾਰਣ, ਡਿਬੇਟ ਮੁਕਾਬਲੇ ਕਰਵਾਏ ਗਏ ਅਤੇ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵੀ ਮਨਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਵੀ ਕੀਤਾ ਗਿਆ।

4) **ਸੰਗੀਤ ਵਿਭਾਗ:-** ਕਾਲਜ ਦੀ ਮਿਊਜ਼ੀਕਲ ਸੁਸਾਇਟੀ ਵੱਲੋ ਪ੍ਰੋ. ਡਾ. ਮੋਨਿਕਾ ਖੰਨਾ ਅਤੇ ਪ੍ਰੋ. ਜਸਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕਾਲਜ ਵਿੱਚ ਹੋਣ ਵਾਲੇ ਵੱਖ-ਵੱਖ ਸਮਾਗਮਾਂ ਵਿੱਚ ਆਪਣੀਆਂ ਸੰਗੀਤ ਪੇਸ਼ਕਾਰੀਆ ਦਿੱਤੀਆ ਗਈਆ।ਸੁਸਾਇਟੀ ਵਲੋਂ ਇਕ ਐਕਸਟੇਂਸ਼ਨ ਲੈਕਚਰ ਕਮ ਡੀਮਨਸਟਰੇਸ਼ਨ 'Improvisation in Punjab Lok Sangeet'ਤੇ ਕਰਵਾਇਆ ਗਿਆ।ਸਾਡੇ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਰਾਮਗੜ੍ਹੀਆਂ ਕਾਲਜ ਫਗਵਾੜ੍ਹਾ ਵਿੱਚ ਸ਼ਬਦ ਗਾਇਨ ਵਿੱਚ ਹਿੱਸਾ ਲਿਆ।ਜਿਸ ਵਿੱਚ ਦੋ ਵਿਦਿਆਰਥੀ ਦੀਪਕ ਸਿੰਘ ਤੇ ਜੈਪਾਲ ਸਿੰਘ ਨੇ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ।

5) **ਅਰਥਸ਼ਾਸਤਰ ਵਿਭਾਗ:-** ਅਰਥਸ਼ਾਸਤਰ ਵਿਭਾਗ ਪ੍ਰੋ. ਡਾ. ਮੋਨਿਕਾ ਖੰਨਾ ਦੀ ਯੋਗ ਅਗਵਾਈ ਹੇਠ ਕਾਰਜਸ਼ੀਲ ਹੈ। ਵਿਭਾਗ ਵੱਲੋਂ Eco-Fest ਅਧੀਨ ਕੁਇਜ਼, ਸਲੋਗਨ ਰਾਈਟਿੰਗ, ਪੋਸਟਰ ਮੇਕਿੰਗ, ਈਕੋ ਅੰਤਕਾਸ਼ਰੀ ਡੀਬੇਟ ਅਤੇ ਵਾਲ ਮੈਗਜ਼ੀਨ ਮੁਕਾਬਲੇ ਪ੍ਰਿੰਸੀਪਲ ਡਾ. ਤੀਰਥ ਰਾਮ ਬਸਰਾ ਜੀ ਦੀ ਯੋਗ ਅਗਵਾਈ ਹੇਠ ਕਰਵਾਏ ਗਏ।ਜਿਸਦਾ ਵਿਸ਼ਾ World Water Day ਰੱਖਿਆ ਗਿਆ।ਜਿਸ ਵਿੱਚ ਵਿਦਿਆਰਥੀਆ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ।

6) **ਗਣਿਤ ਵਿਭਾਗ :-** ਕਾਲਜ ਦਾ ਗਣਿਤ ਵਿਭਾਗ ਪ੍ਰੋ. ਨਿਧੀ ਕਾਂਡਾ ਦੀ ਅਗਵਾਈ ਹੇਠ ਕਾਰਜਸ਼ੀਲ ਹੈ।ਵਿਭਾਗ ਵੱਲੋਂ 'Orientatin ਸੈਸ਼ਨ ਜਨਰਲ ਮੈਥੇਮੈਟੀਕਸ ਤੇ ਕਰਵਾਇਆ ਗਿਆ।ਜਿਸ ਵਿੱਚ ਵਿਦਿਆਰਥੀਆਂ ਨੂੰ Basic Formulas,Fundamental Concept,Shortcut Methods qy Logical reasoning ਬਾਰੇ ਜਾਣਕਾਰੀ ਦਿੱਤੀ ਗਈ।

7) **ਅੰਗਰੇਜੀ ਵਿਭਾਗ:-** ਅੰਗਰੇਜੀ ਵਿਭਾਗ ਭਾਸ਼ਾਵਾ ਇੰਚਾਰਜ ਪ੍ਰੋ.ਹੈਪੀ ਕੁਮਾਰ ਜੀ ਦੀ ਯੋਗ ਅਗਵਾਈ ਹੇਠ ਕਾਰਜਸ਼ੀਲ ਹੈ।English Literay Society (ਇੰਗਲਿਸ ਲਿਟਰੇਰੀ ਸੁਸਾਇਟੀ) ਅਧੀਨ ਕੁਇਜ਼, ਸਲੋਗਨ ਰਾਈਟਿੰਗ, ਡੀਬੇਟ ਅਤੇ ਸਕੈਚ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ 'World Poetry Day' ਤੇ ਵਿਦਿਆਰਥੀਆਂ ਨੂੰ ਕਵਿਤਾ ਬੋਲਣ ਲਈ ਉਤਸ਼ਾਹਿਤ ਕੀਤਾ।ਮੁਕਾਬਲੇ ਵਿੱਚ ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ।

8) **ਹਿੰਦੀ ਵਿਭਾਗ/ਸੰਸਕ੍ਰਿਤ ਵਿਭਾਗ :-** ਹਿੰਦੀ ਤੇ ਸੰਸਕ੍ਰਿਤ ਵਿਭਾਗ ਭਾਸ਼ਾਵਾਂ ਇੰਚਾਰਜ ਪ੍ਰੋ. ਹੈਪੀ ਕੁਮਾਰ ਜੀ ਦੀ ਯੋਗ ਅਗਵਾਈ ਹੇਠ ਭਾਸ਼ਣ (ਵਿਦਿਆਰਥੀ ਅਤੇ ਅਨੁਸ਼ਾਸਨ) ਅਤੇ

ਲਿਖਤੀ (ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸਿੱਖਿਆਵਾਂ) ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆ ਨੂੰ ਸਨਮਾਨਿਤ ਵੀ ਕੀਤਾ ਗਿਆ।

9) **ਰਾਜਨੀਤੀ ਸ਼ਾਸਤਰ ਵਿਭਾਗ :-** ਪ੍ਰੋ. ਕੁਲਵਿੰਦਰ ਕੁਮਾਰ ਜੀ ਦੀ ਯੋਗ ਅਗਵਾਈ ਹੇਠ 'ਰਾਸ਼ਟਰੀ ਵੋਟਰ ਦਿਵਸ'ਅਤੇ 'ਗਣਤੰਤਰ ਦਿਵਸ' ਨੂੰ ਮੁੱਖ ਰੱਖਦੇ ਹੋਏ ਮਿਤੀ 25 ਤੇ 26 ਜਨਵਰੀ 2021 ਨੂੰ ਅੰਤਰ ਕਾਲਜ ਆਨਲਾਇਨ ਕੁਇਜ਼ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਚੋਣ ਕਮਿਸ਼ਨ ਅਤੇ ਭਾਰਤੀ ਸੰਵਿਧਾਨ ਨਾਲ ਸਬੰਧਿਤ ਪ੍ਰਸ਼ਨ ਪੁੱਛੇ ਗਏ।ਜਿਸ ਵਿੱਚ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

10) **ਸਾਇੰਸ ਅਤੇ ਵਾਤਾਵਰਣ ਸੁਸਾਇਟੀ :-**ਸਾਇੰਸ ਅਤੇ ਵਾਤਾਵਰਣ ਸੁਸਾਇਟੀ ਪ੍ਰੋ. ਮੀਨਾ ਸੇਠੀ ਜੀ ਦੀ ਯੋਗ ਅਗਵਾਈ ਹੇਠ ਪਿੰਡ ਰਜ਼ਾਪੁਰ ਦਾ ਫੀਲਡ ਵਿਜ਼ਟ (Field Visit) ਕਰਵਾਇਆ ਗਿਆ।ਜਿਸ ਵਿੱਚ ਗੰਨੇ ਤੇ ਗੁੜ ਬਣਾਉਣ ਦੀ ਪ੍ਰਕਿਰਿਆ ਬਾਰੇ ਦੱਸਿਆ ਗਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਖੇਤੀਬਾੜੀ ਵਿੱਚ ਵਰਤੀਆਂ ਜਾਣ ਵਾਲੀਆ ਮਸ਼ੀਨਾਂ ਦਿਖਾਈਆ ਗਈਆਂ ਅਤੇ ਜਾਣਕਾਰੀ ਵੀ ਦਿੱਤੀ ਗਈ।

- ਬਾਟਨੀ ਵਿਭਾਗ ਬੀ.ਐੱਸ.ਸੀ. ਮੈਡੀਕਲ ਦੇ ਵਿਦਿਆਰਥੀਆਂ ਵੱਲੋਂ ਸਾਇੰਸ ਦੇ ਵਿਸ਼ਿਆ ਉੱਪਰ Stone Painting ਕਰਵਾਈ ਗਈ।
- ਜ਼ੋਆਲੋਜੀ ਵਿਭਾਗ ਵਲੋਂ Omega Lab ਦਾ ਦੌਰਾ ਕੀਤਾ ਗਿਆ,ਜਿਸ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ Digital Test ਤੇ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ।
- ਬਾਟਨੀ ਤੇ ਜ਼ੋਆਲੋਜੀ ਵਿਭਾਗ ਵੱਲੋਂ ਕਾਲਜ ਵਿੱਚ ਸਥਾਪਿਤ Vermi-Coposting Unit ਨੂੰ ਪੁਨਰ ਸਥਾਪਿਤ ਕੀਤਾ ਗਿਆ।
- ਜ਼ੋਆਲੋਜੀ ਵਿਭਾਗ ਵੱਲੋਂ ਇੱਕ ਐਜੂਕੇਸ਼ਨਲ ਟਰਿੱਪ ਸਾਇੰਸ ਸਿਟੀ ਵਿਖੇ ਲਿਜਾਇਆ ਗਿਆ।

## ਕੈਰੀਅਰ ਕਾਉਂਸਲਿੰਗ ਅਤੇ ਗਾਇਡੈਂਸ ਸੈੱਲ

ਕਾਲਜ ਦਾ ਕੈਰੀਅਰ ਕਾਉਂਸਲਿੰਗ ਤੇ ਗਾਇਡੈਂਸ ਸੈੱਲ ਪ੍ਰੋ. ਡਾ. ਜਸਮੀਤ ਸੇਠੀ, ਪ੍ਰੋ. ਅਨੀਤਾ ਮਨੋਚਾ ਦੀ ਯੋਗ ਅਗਵਾਈ ਹੇਠ ਕਾਰਜਸ਼ੀਲ ਹੈ।ਇਸ ਅਕਾਦਮਿਕ ਵਰ੍ਹੇ ਦੌਰਾਨ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ ਪ੍ਰਤੀ ਜਾਗਰੂਕ ਕਰਨ ਲਈ ਇੱਕ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਕਾਲਜ ਦੇ ਪ੍ਰਿੰਸੀਪਲ ਡਾ. ਤੀਰਥ ਰਾਮ ਬਸਰਾ, ਸ਼੍ਰੀ ਜੀਵਨਦੀਪ (PCS) Employment and Skill Devepment Officer) ਤੇ ਡਾ. ਵਰੁਣ ਜੋਸ਼ੀ (Placement Officer) ਨੇ ਸ਼ਿਰਕਤ ਕੀਤੀ।

## ਵਜ਼ੀਫੇ

ਪ੍ਰੋ. ਰਸ਼ਮੀ ਵਿਰਕ ਕਾਲਜ ਦੇ ਵਜ਼ੀਫਾ ਇੰਚਾਰਜ ਵੱਜੋਂ ਡਿਊਟੀ ਨਿਭਾ ਰਹੇ ਹਨ।ਸਾਲ 2021-22 ਦੌਰਾਨ ਕਾਲਜ ਦੇ ਐੱਸ.ਸੀ. ਕੈਟਾਗਰੀ ਦੇ **395,** ਬੀ.ਸੀ. ਕੈਟਾਗਰੀ ਦੇ **05** ਅਤੇ ਮਨਿਉਰਟੀ ਕੈਟਾਗਰੀ ਦੇ **15** ਵਿਦਿਆਰਥੀਆਂ ਦੇ ਕੇਸ ਸਕਾਲਰਸ਼ਿਪ ਸਕੀਮਾਂ ਅਧੀਨ ਭੇਜੇ ਗਏ, ਜਿਨ੍ਹਾਂ ਦੀ ਕੁੱਲ ਧਨ ਰਾਸ਼ੀ ਐੱਸ.ਸੀ. ਸਕੀਮ ਅਧੀਨ **49,49,793/-** ਰੁਪਏ ਬਣਦੀ ਹੈ।ਇੱਥੇ ਵਰਣਨਯੋਗ ਹੈ ਕਿ ਕਾਲਜ ਵੱਲੋਂ ਯੋਗ ਪਾਏ ਜਾਂਦੇ ਐੱਸ.ਸੀ. ਕੈਟਾਗਿਰੀ ਦੇ ਵਿਦਿਆਰਥੀਆਂ ਕੋਲੋਂ ਸਰਕਾਰੀ ਨਿਯਮਾਂ ਮੁਤਾਬਿਕ ਕੋਈ ਫੀਸ ਨਹੀਂ ਲਈ ਜਾਂਦੀ।

## ਮਾਪੇ ਅਧਿਆਪਕ ਸੰਸਥਾ (PTA)

ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਦੀ ਸੰਸਥਾ, ਕਾਲਜ ਦੇ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਹੈ।ਸਾਲ 2021-22 ਦੌਰਾਨ ਇਸ ਸੰਸਥਾ ਦੀ ਸਹਾਇਤਾ ਨਾਲ ਕਾਲਜ ਦੀ ਇਮਾਰਤ ਅਤੇ ਕਾਲਜ ਕੈਂਪਸ ਦੀ ਰੱਖ-ਰਖਾਵ ਲਈ ਕਾਰਜ ਕੀਤੇ ਗਏ।ਕਾਲਜ ਵਿੱਚ ਹੋਣ ਵਾਲੇ ਵੱਖ-ਵੱਖ ਸੱਭਿਆਚਾਰਕ ਅਤੇ ਅਕਾਦਮਿਕ ਸਮਾਗਮਾਂ ਦੇ ਕਰਵਾਉਣ ਵਿੱਚ ਵੱਖ-ਵੱਖ ਸਮਿਆਂ ਤੇ ਇਸ ਸੰਸਥਾ ਵਲੋ ਯੋਗਦਾਨ ਪਾਇਆ ਗਿਆ।

## ਰੂਸਾ (ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ)

ਸਾਡੇ ਕਾਲਜ ਵਿੱਚ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਪ੍ਰੋ. ਅਨੀਤਾ ਸਾਗਰ ਦੀ ਦੇਖ-ਰੇਖ ਹੇਠ ਕਾਰਜਸ਼ੀਲ ਹੈ।ਰੂਸਾ ਦੇ ਅੰਤਰਗਤ ਕਾਲਜ ਦੇ ਵਿਕਾਸ ਲਈ ਰੱਖ-ਰਖਾਵ ਲਈ ਕਈ ਕਾਰਜ ਕੀਤੇ ਗਏ, ਜਿਵੇਂ ਕਿ ਲਾਇਬਰੇਰੀ ਰੀਡਿੰਗ ਹਾਲ, ਲਾਇਬਰੇਰੀ ਸੈਮੀਨਾਰ ਹਾਲ, ਲਾਇਬਰੇਰੀ ਆਟੋਮੇਸ਼ਨ ਅਤੇ ਕਾਲਜ ਦੀ ਮੁਰੰਮਤ ਆਦਿ।

## ਕੁਝ ਹੋਰ ਨੇਕ ਉਪਰਾਲੇ

ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਦੀ ਭਲਾਈ ਕਾਲਜ ਦੇ ਸਟਾਫ ਅਤੇ ਵਿਦਿਆਰਥੀ ਆਪਣੇ ਪੱਧਰ ਤੇ ਵੀ ਉਪਰਾਲੇ ਕਰਦੇ ਹਨ।ਕਾਲਜ ਦੇ ਸਾਰੇ ਵਿਭਾਗਾਂ ਦੇ ਪ੍ਰੋਫੈਸਰ ਸਾਹਿਬਾਨ ਵਿਦਿਆਰਥੀਆਂ ਦੀ ਵਿੱਤੀ ਮਦਦ ਵੀ ਕਰਦੇ ਹਨ ਅਤੇ ਕਿਤਾਬਾਂ ਦੇ ਕੇ ਵੀ ਮਦਦ ਕਰਦੇ ਹਨ।ਸੀਨੀਅਰ ਲੈਕਚਰ ਸਹਾਇਕ ਸ. ਮੰਗਲ ਸਿੰਘ ਭੰਡਾਲ 'ਵਾਹਿਗੁਰੂ ਕਲਬ' ਦੇ ਬੈਨਰ ਹੇਠ ਵਿਦਿਆਰਥੀਆਂ ਨੂੰ ਸਿਲੇਬਸ ਦੀਆ ਮੁਫਤ ਕਿਤਾਬਾਂ ਵੀ ਵੰਡ ਰਹੇ ਹਨ।ਪੰਜਾਬੀ ਵਿਭਾਗ ਦੇ ਪ੍ਰੋ. ਹੈਪੀ ਕੁਮਾਰ ਹਰ ਸਾਲ ਗੁਰੂ ਰਵਿਦਾਸ ਗੁਰਪੁਰਬ ਮੌਕੇ ਪਿੰਡ ਕਲੇਰ ਘੁਮਾਣ ਦੇ ਸਕੂਲ ਦੇ ਪੰਜਵੀਂ ਅਤੇ ਅੱਠਵੀਂ ਜਮਾਤ ਦੇ ਟੌਪਰ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਕੇ ਵਿੱਤੀ ਮਦਦ ਕਰਦੇ ਹਨ।

## ਕਾਲਜ ਦੀ ਲਾਇਬਰੇਰੀ

ਕਾਲਜ ਦੀ ਲਾਇਬਰੇਰੀ ਬਹੁਤ ਸੁਚਾਰੂ ਢੰਗ ਨਾਲ ਚੱਲ ਰਹੀ ਹੈ। 35,928 ( ਪੈਂਤੀ ਹਜਾਰ ਨੌ ਸੌ ਅਠਾਈ) ਕਿਤਾਬਾਂ ਵਾਲੀ ਇਸ ਲਾਇਬਰੇਰੀ ਵਿੱਚ 12 ਅਖਬਾਰਾਂ ਅਤੇ 35 ਮੈਗਜ਼ੀਨ ਮੰਗਵਾਏ ਜਾਂਦੇ ਹਨ।ਇਸ ਤੋ ਇਲਾਵਾ 15 ਮੈਗਜ਼ੀਨ ਵੱਖ-ਵੱਖ ਸਰੋਤਾਂ ਤੋਂ ਭੇਟਾਂ ਵਜੋ ਪ੍ਰਾਪਤ ਹੁੰਦੇ ਹਨ।ਨਵੇ ਰੀਡਿੰਗ ਹਾਲ ਦੀ ਉਸਾਰੀ ਹੋਣ ਨਾਲ ਹੁਣ ਇਕੋ ਸਮੇਂ 200 ਦੇ ਕਰੀਬ ਵਿਦਿਆਰਥੀ ਬੈਠ ਕੇ ਪੜ੍ਹ ਸਕਦੇ ਹਨ।

## ਕਾਲਜ ਦੀਆਂ ਭਵਿੱਖੀ ਯੋਜਨਾਵਾਂ

ਭਵਿੱਖੀ ਯੋਜਨਾਵਾਂ ਅਧੀਨ ਕਾਲਜ ਵਿਖੇ ਇੱਕ ਸੈਮੀਨਾਰ ਕਮ ਮਲਟੀਪਰਪਸ ਹਾਲ ਬਣਾਇਆ ਜਾ ਰਿਹਾ ਹੈ, ਜਿਸ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ।

## ਕਾਲਜ ਦੀ ਘਰੇਲੂ ਪ੍ਰੀਖਿਆ ਸ਼ਾਖਾ

ਕਾਲਜ ਦੀ ਘਰੇਲੂ ਪ੍ਰੀਖਿਆਂ ਸ਼ਾਖਾ ਨੇ ਸਾਲ 2021-22 ਦੌਰਾਨ ਵਿਦਿਆਰਥੀਆਂ ਦੀ ਘਰੇਲੂ ਪ੍ਰੀਖਿਆਵਾਂ ਸਫਲਤਾ ਪੂਰਵਕ ਕਰਵਾਈਆਂ ਗਈਆਂ।

## ਪਦਉੱਨਤੀਆਂ, ਸੇਵਾ ਮੁਕਤੀਆਂ ਅਤੇ ਬਦਲੀਆਂ

1. ਕਾਲਜ ਦੇ ਮੌਜੂਦਾ ਪ੍ਰਿੰਸੀਪਲ ਡਾ. ਤੀਰਥ ਰਾਮ ਬਸਰਾ ਜੀ ਇਸ ਕਾਲਜ ਵਿਚੋਂ ਹੀ ਪਦਉੱਨਤ ਹੋ ਕੇ ਸਰਕਾਰੀ ਕਾਲਜ ਕਪੂਰਥਲਾ ਵਿੱਚ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ ।ਕਾਲਜ ਦੇ ਕਾਮਰਸ ਵਿਭਾਗ ਦੇ ਪ੍ਰੋ. ਵਰਿੰਦਰ ਕੁਮਾਰ ਸਰਕਾਰੀ ਕਾਲਜ ਆਫ ਐਜੂਕੇਸ਼ਨ, ਜਲੰਧਰ ਅਤੇ ਹਿਸਟਰੀ ਵਿਭਾਗ ਦੇ ਪ੍ਰੋ. ਡਾ. ਚੰਦਰ ਕਾਂਤਾ ਜੀ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਰਕਾਰੀ ਕਾਲਜ, ਬੂਟਾ ਮੰਡੀ, ਜਲੰਧਰ ਵਿਖੇ ਪਦਉੱਨਤ ਹੋਕੇ ਪ੍ਰਿੰਸੀਪਲ ਵਜੋਂ ਕਾਰਜਕਾਰ ਸੰਭਾਲਿਆ।
2. ਇਸ ਕਾਲਜ ਤੋਂ ਪ੍ਰਿੰਸੀਪਲ ਮੈਡਮ ਜਤਿੰਦਰ ਕੌਰ ਧੀਰ 09-02-2022 ਨੂੰ ਸਵੈ-ਇੱਛੁਕ ਸੇਵਾ ਮੁਕਤ ਹੋਏ।
3. ਇਸ ਅਕਾਦਮਿਕ ਵਰੇ ਦੌਰਾਨ ਸ਼੍ਰੀ ਕ੍ਰਿਸ਼ਨ ਪਾਲ (ਲੈਬਾਟਰੀ ਅਟੈਂਡੈਂਟ) ਕਾਲਜ ਤੋਂ ਸੇਵਾ ਮੁਕਤ ਹੋਏ।
4. 25-04-2022 ਨੂੰ ਕੈਮਿਸਟਰੀ ਵਿਭਾਗ ਦੇ ਪ੍ਰੋ. ਡਾ. ਜਸਮੀਤ ਸੇਠੀ ਸਰਕਾਰੀ ਕਾਲਜ ਕਪੂਰਥਲਾ ਤੋਂ ਬਦਲ ਕੇ ਸਰਕਾਰੀ ਕਾਲਜ ਸ਼ਹਿਬਾਜਪੁਰ ਵਿਖੇ ਗਏ।

## ਅਲਿਊਮਿਨੀ ਮੀਟ (Old Student Association)

ਉੱਚੇਰੀ ਸਿਖਿਆ ਵਿਭਾਗ ਪੰਜਾਬ ਸਰਕਾਰ ਦੇ ਦਿਸ਼ਾਂ ਨਿਰਦੇਸ਼ਾ ਅਨੁਸਾਰ 21 ਮਾਰਚ 2022 ਨੂੰ ਸਰਕਾਰੀ ਕਾਲਜ, ਕਪੂਰਥਲ਼ਾ ਵਿਖੇ ਪੁਰਾਣੇ ਵਿਦਿਆਰਥੀਆ ਦੀ ਅਲਿਊਮਿਨੀ ਮੀਟ ਕਰਵਾਈ ਗਈ।ਇਸ ਸਮਾਗਮ ਦੌਰਾਨ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਆਪਣੀਆ ਯਾਦਾਂ ਤੇ ਕਾਲਜ ਤੋਂ ਪ੍ਰਾਪਤ ਕੀਤੀਆਂ ਸਿੱਖਿਆਵਾਂ ਹਜਾਰਾਂ ਨਾਲ ਸਾਂਝੀਆ ਕੀਤੀਆ।ਕਾਲਜ ਪ੍ਰਿੰਸੀਪਲ ਡਾ. ਤੀਰਥ ਰਾਮ ਬਸਰਾ ਨੇ ਵੱਖ-ਵੱਖ ਥਾਵਾਂ ਤੋਂ ਚੱਲ ਕੇ ਆਏ ਪੁਰਾਣੇ ਵਿਦਿਆਰਥੀਆਂ ਨੂੰ ਜੀ ਆਇਆ ਕਿਹਾ, ਜਿਨ੍ਹਾਂ ਨੇ ਇਥੇ ਪਹੁੰਚ ਕੇ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ ਨਾਲ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਭਵਿੱਖ ਵਿੱਚ ਕਾਲਜ ਦੇ ਵਿਕਾਸ ਵਾਸਤੇ ਹਰ ਤਰਾਂ ਦਾ ਸਹਿਯੋਗ ਦੇਣ ਦੀ ਗੱਲ ਵੀ ਕਹੀ।ਉਹਨਾਂ ਨੇ ਮਿਲ ਕੇ OSA ਪਾਰਕ ਬਣਾ ਕੇ ਸਾਂਭ ਸੰਭਾਲ ਦੀ ਜਿੰਮੇਵਾਰੀ ਸੰਭਾਲੀ ਹੋਈ ਹੈ।ਉਹਨਾਂ ਦੁਆਰਾ ਹੀ ਇਸ ਪਾਰਕ ਨੂੰ ਸੰਵਾਰਨ ਲਈ ਇੱਕ ਮਾਲੀ ਦੀ ਆਪਣੇ ਖਰਚੇ ਤੇ ਜਿੰਮੇਵਾਰੀ ਲਈ ਹੋਈ ਹੈਂ। ਹਰ ਸਾਲ ਅਲਿਊਮਿਨੀ ਮੀਟ ਕਰਵਾ ਕੇ ਕਾਲਜ ਦੇ ਹਰ ਪੱਖੋਂ ਵਿਕਾਸ ਲਈ ਵਿਚਾਰ ਚਰਚਾ ਕੀਤੀ ਜਾਂਦੀ ਹੈ ਅਤੇ ਉਹ ਕਾਲਜ ਨੂੰ ਇਸ ਵਾਸਤੇ ਵਿੱਤੀ ਮਦਦ ਵੀ ਕਰਦੇ ਹਨ।

ਅੰਤ ਵਿੱਚ, ਮੈਂ ਕਾਲਜ ਦੇ ਇਨਾਮ ਵੰਡ ਸਮਾਰੋਹ ਵਿੱਚ ਪਹੁੰਚਣ ਵਾਲੇ ਸਮੂਹ ਸਟਾਫ, ਅਧਿਕਾਰੀਆਂ ਅਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਮਿਹਨਤ, ਲਗਨ ਅਤੇ ਸਹਿਯੋਗ ਨਾਲ ਕਾਲਜ ਨੇ ਸਾਲ ਭਰ ਪ੍ਰਾਪਤੀਆਂ ਦੀਆਂ ਨਵੀਆਂ ਮੰਜਿਲਾਂ ਛੂਹੀਆਂ ਹਨ।ਆਪ ਸਭ ਨੇ ਸਮਾਰੋਹ ਨੂੰ ਨੇਪਰੇ ਚਾੜ੍ਹਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ।ਕਾਲਜ ਦੇ ਸਰਟੀਫਿਕੇਟ ਅਤੇ ਮੋਮੈਂਟੋ ਆਦਿ ਸਨਮਾਨ ਚਿੰਨ੍ਹ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲੀ ਮੁਬਾਰਕਬਾਦ ਦਿੰਦੇ ਹੋਏ ਮੈਂ ਆਪ ਸਭ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਾ ਹਾਂ।

Basra

Principal
N.J.S.A. Govt. College
Kapurthala